Punjabi - Number 40a
January 2011

# ਹੈਪਾਟਾਈਟਿਸ ਸੀ ਵਾਇਰਸ ਇਨਫ਼ੈੱਕਸ਼ਨ

# Hepatitis C Virus Infection

## ਹੈਪਾਟਾਈਟਿਸ ਸੀ ਵਾਇਰਸ ਇਨਫ਼ੈੱਕਸ਼ਨ ਕੀ ਹੈ?

ਹੈਪਾਟਾਈਟਿਸ ਸੀ ਜਿਗਰ ਦੀ ਬਿਮਾਰੀ ਹੈ ਜੋ ਹੈਪਾਟਾਈਟਿਸ ਸੀ ਵਾਇਰਸ (ਐੱਚ.ਸੀ.ਵੀ.) ਕਾਰਨ ਹੁੰਦੀ ਹੈ।

## ਇਸ ਦੀਆਂ ਕੀ ਨਿਸ਼ਾਨੀਆਂ ਹਨ?

ਹੈਪਾਟਾਈਟਿਸ ਸੀ ਇਨਫ਼ੈੱਕਸ਼ਨ ਵਾਲੇ ਜ਼ਿਆਦਾਤਰ ਲੋਕ ਠੀਕ ਮਹਿਸੂਸ ਕਰਦੇ ਹਨ, ਕੋਈ ਨਿਸ਼ਾਨੀਆਂ ਨਜ਼ਰ ਨਹੀਂ ਆਉਂਦੀਆਂ ਅਤੇ ਉਨ੍ਹਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਨ੍ਹਾਂ ਨੂੰ ਬਿਮਾਰੀ ਹੈ।

ਕੁਝ ਲੋਕਾਂ ਨੂੰ ਵਾਇਰਸ ਨਾਲ ਇਨਫ਼ੈੱਕਸ਼ਨ ਹੋਣ ਤੋਂ 6 ਤੋਂ 12 ਹਫ਼ਤਿਆਂ ਬਾਅਦ ਨਿਸ਼ਾਨੀਆਂ ਨਾਲ ਥੋੜੀ ਬਿਮਾਰੀ ਹੁੰਦੀ ਹੈ।

ਹੈਪਾਟਾਈਟਿਸ ਸੀ ਦੀ ਪ੍ਰਚੰਡ ਬਿਮਾਰੀ ਦੀਆਂ ਨਿਸ਼ਾਨੀਆਂ ਵਿੱਚ ਬੁਖ਼ਾਰ, ਥਕਾਵਟ, ਜਾਂਡਸ (ਚਮੜੀ ਜਾਂ ਅੱਖਾਂ ਪੀਲੀਆਂ ਹੋਣੀਆਂ), ਪੇਟ ਦਰਦ, ਗੂੜ੍ਹੇ ਰੰਗ ਦਾ ਪਿਸ਼ਾਬ, ਭੁੱਖ ਦਾ ਘਟਣਾ ਅਤੇ ਦਿਲ ਕੱਚਾ ਹੋਣਾ ਸ਼ਾਮਲ ਹਨ।

ਹੋਰ ਲੋਕਾਂ ਦੀ ਸਿਹਤ ਵਿੱਚ ਲੰਮੇ ਸਮੇਂ ਲਈ ਥਕਾਵਟ, ਕਮਜ਼ੋਰੀ, ਜਾਂ ਖਾਣਾ ਹਜ਼ਮ ਕਰਨ ਦੀਆਂ ਤਕਲੀਫ਼ਾਂ ਹੋ ਸਕਦੀਆਂ ਹਨ।

## ਹੈਪਾਟਾਈਟਿਸ ਸੀ ਵਾਇਰਸ ਇਨਫ਼ੈੱਕਸ਼ਨ ਕਿੰਨੀ ਆਮ ਹੈ?

ਕੈਨੇਡਾ ਵਿੱਚ 100 ਲੋਕਾਂ ਵਿੱਚੋਂ 1 ਵਿਅਕਤੀ ਹੈਪਾਟਾਈਟਿਸ ਸੀ ਵਾਇਰਸ ਨਾਲ ਪੀੜਤ ਹੁੰਦਾ ਹੈ।

ਹੈਪਾਟਾਈਟਿਸ ਸੀ ਵਾਲੇ ਕਈ ਲੋਕਾਂ ਦਾ ਟੈੱਸਟ ਹੀ ਨਹੀਂ ਹੋਇਆ ਅਤੇ ਪਤਾ ਨਹੀਂ ਕਿ ਉਨ੍ਹਾਂ ਨੂੰ ਬਿਮਾਰੀ ਹੈ ਕਿ ਨਹੀਂ। ਬੀ.ਸੀ. ਵਿੱਚ ਹਰ ਸਾਲ ਹੈਪਾਟਾਈਟਿਸ ਸੀ ਵਾਇਰਸ ਇਨਫ਼ੈੱਕਸ਼ਨ ਵਾਲੇ ਤਕਰੀਬਨ 2500 ਨਵੇਂ ਮਾਮਲੇ ਪਛਾਣੇ ਜਾਂਦੇ ਹਨ।

ਹੈਪਾਟਾਈਟਿਸ ਸੀ ਇਨਫ਼ੈੱਕਸ਼ਨ ਤੋਂ ਗੰਭੀਰ ਖ਼ਤਰੇ ਵਾਲੇ ਲੋਕਾਂ ਵਿੱਚ ਸ਼ਾਮਲ ਹਨ:

- ਜਿਨ੍ਹਾਂ ਲੋਕਾਂ ਨੇ ਨਸ਼ਿਆਂ ਦੇ ਟੀਕੇ ਲਗਾਏ ਹਨ ਜਾਂ ਨਸ਼ਿਆਂ ਲਈ ਵਰਤਨ ਵਾਲੇ ਉਪਕਰਣ ਸਾਂਝੇ ਕੀਤੇ ਹਨ।
- ਜਿਨ੍ਹਾਂ ਲੋਕਾਂ ਨੇ ਮਈ 1992 ਤੋਂ ਪਹਿਲਾਂ ਖ਼ੂਨ ਚੜ੍ਹਵਾਇਆ ਜਾਂ ਖ਼ੂਨ ਦਾ ਕੋਈ ਪਦਾਰਥ ਲਿਆ ਹੈ।
- ਜਿਨ੍ਹਾਂ ਲੋਕਾਂ ਨੇ ਜੁਲਾਈ 1988 ਤੋਂ ਪਹਿਲਾਂ ਜੰਮੇ ਹੋਏ ਖ਼ੂਨ ਦੇ ਪਦਾਰਥ ਲਏ ਜਾਂ 1997 ਤੋਂ ਪਹਿਲਾਂ ਨਾੜ ਵਿੱਚ ਇਮਿਊਨੋਗਲੋਬੁਲਿਨ ਪਦਾਰਥ ਲਏ ਹਨ।
- ਜਿਨ੍ਹਾਂ ਲੋਕਾਂ ਨੇ 1990 ਤੋਂ ਪਹਿਲਾਂ ਕੋਈ ਅੰਗ ਜਾਂ ਟਿਸ਼ੂ ਬਦਲੀ ਕਰਵਾਇਆ ਹੈ।

ਕੈਨੇਡਾ ਵਿੱਚ ਖ਼ੂਨ ਦੇ ਸਾਰੇ ਪਦਾਰਥਾਂ ਅਤੇ ਖ਼ੂਨ ਦੇਣ ਵਾਲੇ ਸਭ ਲੋਕਾਂ ਦੀ ਹੈਪਾਟਾਈਟਿਸ ਸੀ ਵਾਇਰਸ ਲਈ ਸਕ੍ਰੀਨਿੰਗ ਕੀਤੀ ਜਾਂਦੀ ਹੈ। ਖ਼ੂਨ ਚੜ੍ਹਵਾਉਣ ਜਾਂ ਖ਼ੂਨ ਦੇ ਪਦਾਰਥਾਂ ਤੋਂ ਇਨਫ਼ੈੱਕਸ਼ਨ ਦਾ ਖ਼ਤਰਾ ਬਹੁਤ ਘੱਟ 500,000 ਯੂਨਿਟ ਦਾਨ ਕੀਤੇ ਖ਼ੂਨ ਵਿੱਚੋਂ 1 ਤੋਂ ਵੀ ਘੱਟ ਹੈ।

ਜਿਨ੍ਹਾਂ ਮੁਲਕਾਂ ਵਿੱਚ ਖ਼ੂਨ ਦੀ ਸਪਲਾਈ ਟੈੱਸਟ ਨਹੀਂ ਕੀਤੀ ਜਾਂਦੀ ਜਾਂ ਜਿੱਥੇ ਗੰਦੇ ਉਪਕਰਣਾਂ ਕਰਕੇ ਇਨਫ਼ੈੱਕਸ਼ਨ ਹੋ ਸਕਦੀ ਹੈ ਉਨ੍ਹਾਂ ਮੁਲਕਾਂ ਵਿੱਚ ਹੈਪਾਟਾਈਟਿਸ ਸੀ ਇਨਫ਼ੈੱਕਸ਼ਨ ਹੋਣ ਦਾ ਖ਼ਤਰਾ ਹੈ।

## ਇਹ ਤੁਹਾਨੂੰ ਕਿਵੇਂ ਪਤਾ ਲਗੇ ਕਿ ਤੁਹਾਨੂੰ ਹੈਪਾਟਾਈਟਿਸ ਸੀ ਵਾਇਰਸ ਇਨਫ਼ੈੱਕਸ਼ਨ ਹੈ?

ਜਦੋਂ ਹੈਪਾਟਾਈਟਿਸ ਸੀ ਵਾਇਰਸ ਤੁਹਾਡੇ ਸਰੀਰ ਨੂੰ ਦੂਸ਼ਿਤ ਕਰਦਾ ਹੈ ਤਾਂ ਉਸ ਤੋਂ ਬਾਅਦ ਤੁਹਾਡੇ ਖ਼ੂਨ ਵਿੱਚ ਵਾਇਰਸ ਵਿਰੁਧ ਐਂਟੀਬਾਡੀਜ਼ ਪੈਦਾ ਹੋ ਜਾਂਦੀਆਂ ਹਨ ਜਿਨ੍ਹਾਂ ਦਾ ਖ਼ੂਨ ਦੇ ਟੈੱਸਟ ਕਰਨ ਤੇ ਪਤਾ ਲਗ ਜਾਂਦਾ ਹੈ। ਐਂਟੀਬਾਡੀ ਦੇ ਹਾਂ ਪੱਖੀ (ਪਾਜ਼ਿਟਿਵ) ਟੈੱਸਟ ਦਾ ਮਤਲਬ ਹੈ ਕਿ ਤੁਹਾਨੂੰ ਕਿਸੇ ਸਮੇਂ ਵਾਇਰਸ ਕਾਰਨ ਇਨਫ਼ੈੱਕਸ਼ਨ ਹੋਈ ਹੈ। ਇਹ ਪਤਾ ਕਰਨ ਲਈ ਕਿ ਤੁਹਾਨੂੰ ਵਾਇਰਸ ਇਨਫ਼ੈੱਕਸ਼ਨ ਹੁਣ ਹੈ ਕਿ ਨਹੀਂ ਤੁਹਾਡੇ ਖ਼ੂਨ ਦਾ ਫ਼ਿਰ ਇੱਕ ਹੋਰ ਟੈੱਸਟ ਕੀਤਾ ਜਾਵੇਗਾ।

ਦੂਸ਼ਿਤ ਹੋਏ 4 ਵਿੱਚੋਂ 1 ਵਿਅਕਤੀ ਆਪਣੇ ਸਰੀਰ ਵਿੱਚੋਂ ਕੁਦਰਤੀ ਤੌਰ ਤੇ ਵਾਇਰਸ ਬਾਹਰ ਕੱਢ ਦੇਵੇਗਾ ਅਤੇ ਇਨਫ਼ੈੱਕਸ਼ਨ ਤੋਂ ਮੁਕਤ ਹੋ ਜਾਵੇਗਾ। ਦੂਸ਼ਿਤ ਹੋਏ ਜ਼ਿਆਦਾਤਰ ਲੋਕ ਵਾਇਰਸ ਬਾਹਰ ਨਹੀਂ ਕੱਢ ਸਕਦੇ ਅਤੇ ਗੰਭੀਰ ਰੂਪ ਵਿਚ ਦੂਸ਼ਿਤ ਹੋ ਜਾਂਦੇ ਹਨ।

## ਹੈਪਾਟਾਈਟਿਸ ਸੀ ਵਾਇਰਸ ਕਿਵੇਂ ਫ਼ੈਲਦਾ ਹੈ?

ਇਸ ਵਕਤ ਐਸਾ ਕੋਈ ਵੈੱਕਸੀਨ ਨਹੀਂ ਜੋ ਲੋਕਾਂ ਨੂੰ ਹੈਪਾਟਾਈਟਿਸ ਸੀ ਇਨਫ਼ੈੱਕਸ਼ਨ ਹੋਣ ਤੋਂ ਬਚਾ ਸਕੇ।

ਹੈਪਾਟਾਈਟਿਸ ਸੀ ਇਨਫ਼ੈੱਕਸ਼ਨ ਆਮ ਤੌਰ ਤੇ ਖ਼ੂਨ ਦੇ ਦੂਸ਼ਿਤ ਖ਼ੂਨ ਨਾਲ ਸੰਪਰਕ ਨਾਲ ਫ਼ੈਲਦੀ ਹੈ।
ਇਨਫ਼ੈੱਕਸ਼ਨ ਹੇਠ ਲਿਖੇ ਤਰੀਕਿਆਂ ਨਾਲ ਹੋ ਸਕਦੀ ਹੈ:

- ਗਲਤ ਤਰੀਕੇ ਨਾਲ ਨਸ਼ੇ ਲੈਣ ਸਮੇਤ ਨਸ਼ੇ ਸੁੰਘਣ, ਤਮਾਕੂ ਵਾਂਗ ਪੀਣ ਜਾਂ ਟੀਕਾ ਲਗਾਉਣ ਦੇ ਉਪਕਰਣ ਜਿਵੇਂਕਿ ਸੂਈਆਂ ਅਤੇ ਸਰਿੰਜ, ਸਟ੍ਰਾ ਅਤੇ ਪਾਈਪ ਦੇ ਸਾਂਝੇ ਕਰਨ ਨਾਲ।
- ਜਿਨ੍ਹਾਂ ਮੁਲਕਾਂ ਵਿੱਚ ਖ਼ੂਨ ਦੀ ਸਪਲਾਈ ਦਾ ਹੈਪਾਟਾਈਟਿਸ ਸੀ ਵਾਇਰਸ ਦਾ ਟੈੱਸਟ ਨਹੀਂ ਹੁੰਦਾ ਉਨ੍ਹਾਂ ਮੁਲਕਾਂ ਵਿੱਚ ਖ਼ੂਨ ਅਤੇ

ਖੂਨ ਦੇ ਪਦਾਰਥਾਂ ਨਾਲ ਸੰਪਰਕ ਸਮੇਤ ਖੂਨ ਜਾਂ ਖੂਨ ਦੇ ਪਦਾਰਥ ਚੜ੍ਹਵਾਉਣ ਨਾਲ। ਕੈਨੇਡਾ ਵਿੱਚ 1992 ਤੋਂ ਪਹਿਲਾਂ ਲਏ ਖੂਨ ਜਾਂ ਖੂਨ ਦੇ ਪਦਾਰਥਾਂ ਤੇ ਵੀ ਇਹ ਲਾਗੂ ਹੁੰਦਾ ਹੈ।

- ਹੈਪਾਟਾਈਟਿਸ ਸੀ ਇਨਫ਼ੈੱਕਸ਼ਨ ਵਾਲੇ ਵਿਅਕਤੀ ਦੁਆਰਾ ਵਰਤੀ ਹੋਈ ਸੂਈ ਜਾਂ ਸਰਿੰਜ ਅਚਾਣਕ ਚੁੱਭ ਜਾਣ ਨਾਲ।
- ਮਾਂ ਕੋਲੋਂ ਬੱਚੇ ਨੂੰ ਜਨਮ ਦੇਣ ਸਮੇਂ ਜਾਂ ਉਸ ਤੋਂ ਪਹਿਲਾਂ (ਤਕਰੀਬਨ 5% ਹਾਲਤਾਂ ਵਿੱਚ)।
- ਸੰਭੋਗ ਸਮੇਂ ਖਾਸਕਰ ਜਿਨ੍ਹਾਂ ਦੇ ਕਈ ਸੈੱਕਸ ਸਾਥੀ ਹਨ।
- ਟੁੱਥਬੁਰਸ਼, ਦੰਦਾਂ ਦਾ ਧਾਗਾ (ਫ਼ਲਾਸ), ਉਸਤਰਾ, ਨਹੁੰ ਸਾਫ਼ ਕਰਨ ਵਾਲੀ ਰੇਤੀ ਜਾਂ ਹੋਰ ਚੀਜ਼ਾਂ ਜਿਨ੍ਹਾਂ ਤੇ ਥੋੜਾ ਖੂਨ ਲਗਿਆ ਹੋ ਸਕਦਾ ਹੈ ਸਾਂਝੀਆਂ ਕਰਨ ਨਾਲ।
- ਜੇ ਉਪਕਰਣ ਸਾਫ਼ ਨਹੀਂ ਤਾਂ ਚਮੜੀ ਨੂੰ ਛੇਦਣ ਜਿਹੇ ਕੰਮ ਜਿਵੇਂਕਿ ਟੈਟੂਜ਼, ਸਰੀਰ ਛੇਦਣਾ, ਐਕੂਪੰਕਚਰ ਜਾਂ ਇਲੈਟ੍ਰੋਲਿਸਸ ਕਰਨ ਨਾਲ।

ਸਰੀਰ ਦੇ ਹੋਰ ਤਰਲਾਂ ਜਿਵੇਂਕਿ ਰਾਲ਼ਾਂ, ਵੀਰਜ ਜਾਂ ਯੋਨੀ ਦੇ ਤਰਲ ਦੁਆਰਾ ਬਹੁਤ ਘੱਟ ਇੱਕ ਦੂਜੇ ਨੂੰ ਵਾਇਰਸ ਦੇਣ ਦਾ ਅਸਲ ਖ਼ਤਰਾ ਹੈ।

## ਹੈਪਾਟਾਈਟਿਸ ਸੀ ਕਿਵੇਂ ਨਹੀਂ ਫ਼ੈਲਦਾ?

ਹੈਪਾਟਾਈਟਿਸ ਸੀ ਹੇਠ ਲਿਖੇ ਤਰਕਿਆਂ ਨਾਲ *ਨਹੀਂ* ਫੈਲਦਾ:

- ਖੰਗਣ ਜਾਂ ਨਿੱਛ ਮਾਰਨ।
- ਜੱਫੀ ਪਾਉਣ ਜਾਂ ਚੁੰਮਣ ਜਿਹਾ ਸੰਪਰਕ।
- ਉਹੀ ਬਰਤਨ ਜਾਂ ਚਿਮਚੇ ਕਾਂਟੇ ਵਰਤਨੇ।
- ਮਹਾਵਾਰੀ ਦੌਰਾਨ ਜਾਂ ਜੇ ਕਿਤੇ ਕੋਈ ਜ਼ਖਮ ਜਾਂ ਖਰੋਚ ਆਈ ਹੈ ਤਾਂ ਕਲੋਰੀਨ ਵਾਲੇ ਤਲਾਅ ਵਿੱਚ ਤੈਰਨ ਨਾਲ।
- ਕਿਸੇ ਕੀੜੇ ਮਕੌੜੇ ਦੁਆਰਾ ਕੱਟੇ ਜਾਣ ਜਾਂ ਡੰਗ ਮਾਰੇ ਜਾਣ ਨਾਲ ਜੋ ਬਾਅਦ ਵਿੱਚ ਕਿਸੇ ਹੋਰ ਨੂੰ ਵੀ ਕੱਟੇ ਜਾਂ ਡੰਗ ਮਾਰੇ।
- ਕਿਸੇ ਹੋਰ ਦੇ ਸਿਹਤਮੰਦ ਅਤੇ ਸਹੀ ਸਲਾਮਤ ਸਰੀਰ ਨਾਲ ਸਰੀਰਕ ਤਰਲਾਂ ਜਿਵੇਂ ਕਿ ਰਾਲ਼ਾਂ, ਉਲਟੀ, ਪਿਸ਼ਾਬ ਜਾਂ ਟੱਟੀ ਦੇ ਸੰਪਰਕ ਨਾਲ।

ਆਪਣਾ ਦੁੱਧ ਚੁੰਘਾਉਣਾ ਹੈਪਾਟਾਈਟਿਸ ਸੀ ਫੈਲਾਉਣ ਦਾ ਖ਼ਤਰਾ ਨਹੀਂ ਮੰਨਿਆ ਜਾਂਦਾ। ਪਰ ਜਿਨ੍ਹਾਂ ਦੂਸ਼ਿਤ ਮਾਵਾਂ ਦੇ ਨਿਪਲਾਂ ਵਿੱਚੋਂ ਖੂਨ ਵਗਦਾ ਹੈ ਜਾਂ ਕੱਟੇ ਹੋਏ ਹਨ ਉਹ ਤਦ ਤੱਕ ਦੁੱਧ ਚੁੰਘਾਉਣ ਤੋਂ ਪਰਹੇਜ਼ ਕਰਨ ਜਦ ਤੱਕ ਨਿਪਲ ਠੀਕ ਨਹੀਂ ਹੋ ਜਾਂਦੇ ਕਿਉਂਕਿ ਖੂਨ ਰਾਹੀਂ ਵਾਇਰਸ ਫੈਲ ਸਕਦਾ ਹੈ।

## ਜੇ ਤੁਹਾਨੂੰ ਗੰਦੀ ਸੂਈ ਚੁੱਭ ਜਾਵੇ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਗੰਦੀ ਸੂਈ ਚੁੱਭ ਜਾਏ ਤਾਂ ਤੁਸੀਂ ਇਹ ਕਦਮ ਚੁੱਕ ਸਕਦੇ ਹੋ:

- ਜੇ ਸੰਭਵ ਹੋਵੇ ਤਾਂ ਜ਼ਖ਼ਮ ਵਾਲੀ ਥਾਂ ਨੂੰ ਦਿਲ ਤੋਂ ਨੀਂਵਾਂ ਰੱਖੋ ਤਾਂ ਕਿ ਖੂਨ ਵਗ ਸਕੇ।
- ਉਸ ਜਗ੍ਹਾ ਨੂੰ ਸਾਬਣ ਵਾਲੇ ਪਾਣੀ ਨਾਲ ਚੰਗੀ ਤਰਾਂ ਧੋਵੋ।
- ਜਲਦੀ ਨਾਲ ਨਜ਼ਦੀਕ ਦੇ ਹਸਪਤਾਲ ਦੇ ਐਮਰਜੰਸੀ ਵਿਭਾਗ ਵਿੱਚ ਇਲਾਜ ਲਈ ਜਾਉ।

## ਤੁਹਾਡਾ ਇਲਾਜ ਕਿਵੇਂ ਹੁੰਦਾ ਹੈ?

ਜਿਨਾਂ ਲੋਕਾਂ ਦਾ ਹੈਪਾਟਾਈਟਿਸ ਸੀ ਇਨਫ਼ੈੱਕਸ਼ਨ ਦਾ ਟੈੱਸਟ ਹਾਂ ਪੱਖੀ (ਪਾਜ਼ਿਟਿਵ) ਰਹਿੰਦਾ ਹੈ ਉਨ੍ਹਾਂ ਨੂੰ ਆਪਣੇ ਪਰਵਾਰਕ ਡਾਕਟਰ ਕੋਲ ਲਗਾਤਾਰ ਜਾਣਾ ਚਾਹੀਦਾ ਹੈ, ਅਤੇ ਇਹ ਵੇਖਣ ਲਈ ਕਿ ਜਿਗਰ ਕਿਵੇਂ ਕੰਮ ਕਰ ਰਿਹਾ ਹੈ ਉਨ੍ਹਾਂ ਨੂੰ ਆਪਣਾ ਖੂਨ ਟੈੱਸਟ ਕਰਵਾਉਂਦੇ ਰਹਿਣਾ ਚਾਹੀਦਾ ਹੈ। ਹੋਰ ਟੈੱਸਟਾਂ ਅਤੇ ਅਨੁਮਾਨ ਲਗਾਉਣ ਲਈ ਉਨ੍ਹਾਂ ਨੂੰ ਵਿਸ਼ੇਸ਼ਗ ਕੋਲ ਭੇਜਿਆ ਜਾ ਸਕਦਾ ਹੈ।

ਹੈਪਾਟਾਈਟਿਸ ਸੀ ਇਨਫ਼ੈੱਕਸ਼ਨ ਵਾਲੇ ਕੁਝ ਮਰੀਜ਼ਾਂ ਦੇ ਸਰੀਰ ਵਿੱਚੋਂ ਵਾਇਰਸ ਕੱਢਣ ਦਾ ਇਲਾਜ ਕੀਤਾ ਜਾ ਸਕਦਾ ਹੈ। ਕੁਝ ਲੋਕ ਜਿਨ੍ਹਾਂ ਦੇ ਜਿਗਰ ਨੂੰ ਬਹੁਤ ਜ਼ਿਆਦਾ ਨੁਕਸਾਨ ਹੋ ਗਿਆ ਹੈ ਉਨ੍ਹਾਂ ਨੂੰ ਜਿਗਰ ਬਦਲਵਾਉਣਾ ਪਵੇਗਾ।

## ਜੇ ਤੁਹਾਨੂੰ ਹੈਪਾਟਾਈਟਿਸ ਸੀ ਹੈ ਤਾਂ ਕੀ ਤੁਹਾਨੂੰ ਹੋਰ ਬਿਮਾਰੀਆਂ ਤੋਂ ਸੁਰੱਖਿਆ ਮਿਲ ਸਕਦੀ ਹੈ?

ਹਾਂ ਜੀ। ਹੈਪਾਟਾਈਟਿਸ ਸੀ ਦੇ ਮਰੀਜ਼ਾਂ ਨੂੰ ਹੈਪਾਟਾਈਟਿਸ ਏ, ਹੈਪਾਟਾਈਟਿਸ ਬੀ, ਨਿਉਮੋਕੋਕਲ ਬਿਮਾਰੀ ਅਤੇ ਇਨਫ਼ਲੂਐਂਜ਼ਾ ਤੋਂ ਬਚਾਉਣ ਵਾਲੇ ਵੈੱਕਸੀਨ ਮੁਫ਼ਤ ਦਿੱਤੇ ਜਾਂਦੇ ਹਨ। ਤੁਸੀਂ ਇਹ ਵੈੱਕਸੀਨ ਲੋਕਲ ਪਬਲਿਕ ਹੈੱਲਥ ਯੂਨਿਟ ਜਾਂ ਪਰਵਾਰਕ ਡਾਕਟਰ ਤੋਂ ਲੈ ਸਕਦੇ ਹੋ।

BC Centre for Disease Control
AN AGENCY OF THE PROVINCIAL HEALTH SERVICES AUTHORITY

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.healthlinkbc.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.healthlinkbc.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।